## ਭਗਤ ਨਾਮਦੇਵ - ਸਬਦ ੩੧

### ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ ॥

### ਰਾਗੁ ਰਾਮਕਲੀ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ,੯੭੨

ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ ॥
ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ ॥੧॥
ਬੈਰਾਗੀ ਰਾਮਹਿ ਗਾਵਉਗੋ ॥
ਸਬਦਿ ਅਤੀਤ ਅਨਾਹਦਿ ਰਾਤਾ ਆਕੁਲ ਕੈ ਘਰਿ ਜਾਉਗੋ ॥੧॥ ਰਹਾਉ ॥
ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ ॥
ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ ॥੨॥
ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ ॥
ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨ੍ਹਾਉਗੋ ॥੩॥
ਪੰਚ ਸਹਾਈ ਜਨ ਕੀ ਸੋਭਾ ਭਲੋ ਭਲੋ ਨ ਕਹਾਵਉਗੋ ॥
ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ਸੁੰਨ ਸਮਾਧਿ ਸਮਾਉਗੋ ॥੪॥੨॥

**ਸਾਰ:** "ਸੁੰਨ ਸਮਾਧੀ" ਇਕ ਰੁਪਾਂਤ੍ਰਸ਼ੀਲ ਰੂਹਾਨੀ ਜਾਗ੍ਰਿਤ ਅਵਸਥਾ ਹੈ ਜਿਸ ਵਿਚ ਹਉਮੈ ਭੰਗ ਹੋ ਜਾਂਦੀ ਹੈ, ਜੋ ਧਿਆਨ ਦੀ ਅਜਿਹੀ ਗੰਭੀਰ ਪਦਵੀ ਹੈ ਜਿਸ ਨੂੰ ਸਮਾਧੀ ਵਜੋਂ ਜਾਣਿਆ ਜਾਂਦਾ ਹੈ। ਇਸ ਅਵਸਥਾ ਵਿਚ ਜਾਗ੍ਰਿਤੀ ਨਿੱਜੀ ਪਛਾਣ ਤੋਂ ਵਿਸ਼ਾਲ ਹੋਂਦ ਵਿਚ ਬਦਲ ਜਾਂਦੀ ਹੈ, ਸ਼ੂਨਯਤਾ ਦੇ ਸਿਧਾਂਤ ਨਾਲ ਇਕਸੁਰ ਹੁੰਦੀ ਹੋਈ, ਸੱਖਣੇਪਣ ਦੀ ਖੱਢ ਵਿਚ ਡਿੱਗੇ ਬਿਨ੍ਹਾਂ ਇਹ ਖੇਡ ਇਕ ਵੱਖਰੇ ਸਵੈ ਦੀ ਅਣਹੋਂਦ 'ਤੇ ਜ਼ੋਰ ਦਿੰਦੀ ਹੈ। ਇਸ ਅਵਸਥਾ ਵਿਚ ਜੀਵ ਖੇੜੇ ਵਿਚ ਰਹਿੰਦਾ ਹੋਇਆ, ਆਪਣੇ ਆਪ ਨੂੰ ਲਗਾਵ ਤੋਂ ਮੁਕਤ ਮਹਿਸੂਸ ਕਰਦਾ ਹੈ। ਹਉਮੈਂ ਭਰੇ ਵਿਚਾਰਾਂ ਤੋ ਅਜ਼ਾਦੀ ਮਿਲਦੀ ਹੈ ਜੋ ਗੂੜ੍ਹ ਸਪਸ਼ਟਤਾ ਅਤੇ ਟਿਕਾਵ ਵਿਚ ਲੈ ਜਾਂਦੇ ਹਨ। "ਸੁੰਨ ਸਮਾਧੀ" ਇਕ ਮੌਨ ਜਾਗਰੂਕਤਾ ਨੂੰ ਆਪਣੇ ਅੰਦਰ ਸਮੇਟਦੀ ਹੋਈ, ਗੈਰਹਾਜ਼ਰਤਾ ਉੱਤੇ ਹਾਜ਼ਰਤਾ ਦਾ ਜ਼ੋਰ ਦਿੰਦੀ ਹੈ। ਇਹ ਯਾਤਰਾ ਏਕਤਾ ਨੂੰ ਪ੍ਰਗਟ ਕਰਦੀ ਹੈ ਅਤੇ ਕਿਸੇ ਨੂੰ ਗੰਭੀਰ ਹਕੀਕਤ ਦੀ ਪੜਚੋਲ ਕਰਨ ਲਈ ਉੱਚੀ ਚੇਤਨਾ ਵੱਲ ਉਸਦੀ ਅਗਵਾਈ ਕਰਦੀ ਹੈ।

ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ ॥

ਦਰਸ਼ਨ, ਪੁਰਾਣ, ਨੈਤਿਕਤਾ ਬਾਰੇ ਅਨੇਕਾਂ ਗ੍ਰੰਥ ਹਨ ਗੀਤ ਅਤੇ ਕਵਿਤਾਵਾਂ ਬਾਰੇ ਵੀ, ਪਰ ਮੈਂ ਉਨ੍ਹਾਂ ਦਾ ਉਚਾਰਨ ਨਹੀਂ ਕਰਦਾ। ਇਹ ਚੋਣ ਧਾਰਮਿਕ ਗ੍ਰੰਥਾਂ ਉਪਰ ਬੌਧਿਕ ਕਸਰਤਾਂ ਕਰਨ ਦੀ ਬਜਾਇ ਅੰਤਰੀਵੀ ਅਨੁਭਵ ਦੇ ਮੁੱਲ ਨੂੰ ਜਾਣਨ 'ਤੇ ਜ਼ੋਰ ਦਿੰਦੀ ਹੈ।

ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ ॥੧॥

ਨਿਰਾਕਾਰ ਦੇ ਵੰਡ ਰਹਿਤ ਖੰਡ ਵਿਚ ਅਨਹਦ ਅੰਤਰੀਵੀ ਰਾਗ ਸਦਾ ਗੂੰਜਦਾ ਰਹਿੰਦਾ ਹੈ। ਇਹ ਭਾਵ ਉਸ ਪੂਰਨਤਾ ਨੂੰ ਦਰਸਾਉਂਦਾ ਹੈ ਜਿੱਥੇ ਮੌਨਮਈ ਅਤੇ ਸੁਰਤਾਲ ਭਰਿਆ ਨਾਦ ਸਦੀਵੀ-ਹਾਜ਼ਰ ਹੈ, ਜਿੱਥੇ ਜਾਗਰੂਕਤਾ ਦਾ ਉਦਭਵ ਕਿਸੇ ਬਾਹਰੀ ਕਾਰਣ ਤੋਂ ਬਿਨਾਂ ਆਪਣੇ ਆਪ ਪ੍ਰਗਟ ਹੁੰਦਾ ਹੈ। (੧)

ਬੈਰਾਗੀ ਰਾਮਹਿ ਗਾਵਉਗੋ ॥

ਨਿਰਲੇਪਤਾ ਦੀ ਅਵਸਥਾ ਵਿਚ, ਮੈਂ ਸਰਬ-ਵਿਆਪੀ ਹਕੀਕਤ ਦਾ ਗਾਇਨ ਕਰਾਂਗਾ। ਇਹ ਭਾਵ ਮੋਹ ਤੋਂ ਮੁਕਤ ਸ਼ਰਧਾ ਨੂੰ ਦਰਸਾਉਂਦਾ ਹੈ, ਜਿਸ ਵਿਚ ਏਕਮ ਸਤਾ ਦੀ ਏਕਤਾ ਲਈ ਪਿਆਰ ਦਾ ਪ੍ਰਗਟਾਵਾ ਸੰਸਾਰਿਕ ਉਲਝਣਾਂ ਤੋਂ ਮੁਕਤ ਮਨ ਤੋਂ ਪੈਦਾ ਹੁੰਦਾ ਹੈ।

ਸਬਦਿ ਅਤੀਤ ਅਨਾਹਦਿ ਰਾਤਾ ਆਕੁਲ ਕੈ ਘਰਿ ਜਾਉਗੋ ॥੧॥ ਰਹਾਉ ॥

ਸ਼ਬਦਾਂ ਤੋਂ ਪਰੇ, ਜਦੋਂ ਅੰਤਰੀਵੀ ਅਨਹਦ ਨਾਦ ਗੂੰਜਦਾ ਹੈ, ਤਦੋਂ ਅਸੀਂ ਉਸ ਅਸਲ ਘਰ ਵੱਲ ਵਧਦੇ ਹਾਂ ਜੋ ਵੰਸ਼ ਅਤੇ ਪਹਿਚਾਣ ਤੋਂ ਪਰੇ ਹੈ। ਇਹ ਅਵਸਥਾ ਸਿਧਾਂਤਕ ਭਾਸ਼ਾ ਤੋਂ ਉੱਪਰ ਹੈ, ਇਹ ਸਤਹੀ ਪੱਧਰ ਤੋਂ ਮੂਲ ਤੱਤਸਾਰ ਵੱਲ, ਸ਼ਬਦਾਂ ਤੋਂ ਬੋਧ ਵੱਲ, ਅਤੇ ਸਿਧਾਂਤ ਤੋਂ ਵਿਵਹਾਰਕ ਜਾਗਰੂਕਤਾ ਵੱਲ ਦੇ ਰੁਪਾਂਤ੍ਰਣ ਨੂੰ ਦਰਸਾਉਂਦੀ ਹੈ। (੧)(ਠਹਿਰਾਉ)

ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ ॥

ਈੜਾ (ਇਸਤ੍ਰੀ ਗੁਣ), ਪਿੰਗਲਾ (ਪੁਰਸ਼ ਗੁਣ) ਅਤੇ ਸੁਖਮਨਾ (ਸੰਤੁਲਨ ਦਾ ਕੇਂਦਰ), ਮੈਂ ਇਨ੍ਹਾਂ ਨੂੰ ਸਾਹ ਰਾਹੀਂ ਅਡੋਲ ਰੱਖਾਂਗਾ। ਇਹ ਭਾਵ ਅੰਤਰੀਵੀ ਗੁਣਾਂ ਦੇ ਸੁਰਤਾਲ ਨੂੰ ਦਰਸਾਉਂਦਾ ਹੈ: ਈੜਾ ਅਤੇ ਪਿੰਗਲਾ ਦੋਹਰੀ ਪ੍ਰਵਿਰਤੀਆਂ ਦਾ ਪ੍ਰਤੀਕ ਹਨ, ਜਦਕਿ ਸੁਖਮਨਾ ਉਸ ਸੰਤੁਲਿਤ ਅਵਸਥਾ ਦੀ ਪ੍ਰਤੀਕ ਹੈ ਜੋ ਦੋਹਰੇਪਣ ਤੋਂ ਪਰੇ ਹੈ।

ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ ॥੨॥

ਚੰਦਰਮਾ ਅਤੇ ਸੂਰਜ ਦੋਵਾਂ ਨੂੰ ਸਮਤੋਲ ਵਿਚ ਰੱਖ ਕੇ, ਅਸੀਂ ਵਿਸ਼ਵਵਿਆਪੀ ਬਿਬੇਕ ਦੇ ਸਰਬਉੱਚ ਪ੍ਰਕਾਸ਼ ਵਿਚ ਅਭੇਦ ਹੋ ਸਕਦੇ ਹਾਂ। ਇਹ ਭਾਵ ਨਿਰਪੱਖ ਦਵੈਤ ਨੂੰ ਦਰਸਾਉਂਦਾ ਹੈ, ਜਿਥੇ ਦਵੰਦ ਰੂਪੀ ਸ਼ਕਤੀਆਂ ਚਿੰਤਨ ਅਤੇ ਸੁਚੇਤ ਕਰਮਾਂ ਰਾਹੀਂ ਸੁਰਤਾਲ ਵਿਚ ਆ ਜਾਂਦੀਆਂ ਹਨ। (੨)

ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ ॥

ਕਿਸੇ ਥਾਂ ਨੂੰ ਕੇਵਲ ਤੀਰਥ ਅਸਥਾਨ ਨਾ ਸਮਝ ਕੇ ਜਾਂ ਉਸਦੇ ਪਾਣੀ ਵਿਚ ਰਸਮੀ ਡੁੱਬਕੀ ਲਗਾਉਣ ਦੀ ਬਜਾਇ ਜਦੋਂ ਅਸੀਂ ਉੱਥੇ ਵੱਸਦੇ ਜੀਵਾਂ ਦੀ ਰੱਖਿਆ ਕਰਦੇ ਹਾਂ। ਇਹ ਭਾਵ ਪਵਿੱਤਰਤਾ ਨੂੰ ਕਰਮਕਾਂਡੀ ਰਸਮਾਂ ਤੋਂ ਸਦਾਚਾਰਿਕ ਰੂਪ ਵਿਚ ਮੁੜ ਪਰਿਭਾਸ਼ਿਤ ਕਰਦਾ ਹੈ। ਜੋ ਦਰਸਾਉਂਦਾ ਹੈ ਕਿ ਪਵਿੱਤਰਤਾ ਜੀਵਨ ਨੂੰ ਪਾਲਣ ਅਤੇ ਸਮੁਚੀ ਹੋਂਦ ਦੀ ਅੰਤਰਸੰਬੰਧਤਾ ਦਾ ਸਤਿਕਾਰ ਕਰਨ ਵਿਚ ਨਹਿਤ ਹੈ।

ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨ੍ਹਾਉਗੋ ॥੩॥

ਅਗਿਆਨਤਾ ਤੋਂ ਜਾਗਰੂਕਤਾ ਵੱਲ ਲੈ ਜਾਣ ਵਾਲੇ ਗਿਆਨ ਨੇ ਮੇਰੇ ਅੰਦਰ ਹੀ ਅਠਾਹਠ ਤੀਰਥ ਪ੍ਰਗਟ ਕਰ ਦਿੱਤੇ ਹਨ, ਜਿੱਥੇ ਮੈਂ ਆਪਣੀ ਅੰਤਰ-ਆਤਮਾ ਨੂੰ ਇਸ਼ਨਾਨ ਕਰਵਾਉਂਦਾ ਹਾਂ। ਇਹ ਆਤਮ ਚਿੰਤਨ ਰਾਹੀਂ ਸ਼ੁਧੀਕਰਨ ਦਾ ਭਾਵ ਦਰਸਾਉਂਦਾ ਹੈ ਕਿ ਪਵਿੱਤਰ ਅਸਥਾਨ ਸਵੈ ਜਾਗਰੂਕ ਮਨ ਅੰਦਰ ਵੱਸਣ ਵਾਲੀ ਇਕ ਮਨੋਵਿਗਿਆਨਕ ਅਵਸਥਾ ਹੈ। (੩)

ਪੰਚ ਸਹਾਈ ਜਨ ਕੀ ਸੋਭਾ ਭਲੋ ਭਲੋ ਨ ਕਹਾਵਉਗੋ ॥

ਇਨ੍ਹਾਂ ਪੰਜ ਸਾਥੀਆਂ ਦੇ ਨਾਲ ਹੀ ਸਾਧਕ ਦੀ ਪ੍ਰਤਿਭਾ; ਮੈਂ "ਚੰਗਾ ਹਾਂ, ਮੈਂ ਨੇਕ ਹਾਂ, ਮੈਨੂੰ ਇਸ ਤਰ੍ਹਾਂ ਦੀ ਵਡਿਆਈ ਦੀ ਕੋਈ ਭੁੱਖ ਨਹੀਂ। ਇਹ ਭਾਵ ਉਹਨਾਂ ਦੀ ਅਵਸਥਾ ਨੂੰ ਦਰਸਾਉਂਦਾ ਹੈ ਜਿਨ੍ਹਾਂ ਨੇ ਆਪਣੀਆਂ ਪੰਜ ਇੰਦ੍ਰੀਆਂ ਅਤੇ ਅੰਤਰੀਵੀ ਸ਼ਕਤੀਆਂ ਉਪਰ ਮੁਹਾਰਤ ਹਾਸਲ ਕਰ ਲਈ ਹੈ। ਜਿਸ ਨਾਲ ਨਿਮਰਤਾ ਦੀ ਪ੍ਰਾਪਤੀ ਹੁੰਦੀ ਹੈ ਅਤੇ ਬਾਹਰੀ ਮਾਨਤਾ ਦੀ ਕੈਦ ਤੋਂ ਮੁਕਤੀ ਮਿਲਦੀ ਹੈ।

ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ਸੁੰਨ ਸਮਾਧਿ ਸਮਾਉਗੋ ॥੪॥੨॥

ਨਾਮਦੇਵ ਕਹਿੰਦੇ ਹਨ ਕਿ ਮੇਰੀ ਅੰਤਰ-ਆਤਮਾ ਵਿਸ਼ਵਵਿਆਪੀ ਊਰਜਾ ਨਾਲ ਰੰਗੀ ਹੋਈ ਹੈ; ਮੈਂ ਜਾਗਰੂਕਤਾ ਦੇ ਟਿਕਾਵ ਵਿਚ ਲੀਨ ਹੋ ਜਾਵਾਂਗਾ। ਇਹ ਭਾਵ ਰੂਹਾਨੀ ਉੱਤਮਤਾ ਦੀ ਅਵਸਥਾ ਦਾ ਵਰਣਨ

ਕਰਦਾ ਹੈ, ਜਿਸ ਵਿਚ ਹਉਮੈਂ ਸੁੰਨ ਅਵਸਥਾ ਵਿਚ ਅਲੋਪ ਹੋ ਜਾਂਦੀ ਹੈ, ਜਿਸਨੂੰ ਜਾਗਰੂਕਤਾ ਰੂਪੀ ਮੌਨ ਦੀ ਉਪਾਧੀ ਕਿਹਾ ਜਾਂਦਾ ਹੈ, ਅਤੇ ਸਮਾਧੀ ਵਿਚ ਇਸਦੇ ਤੱਤਸਾਰ ਉਪਰ ਚਿੰਤਨ ਕਰਦੀ ਹੋਈ ਇਸ ਵਿਚ ਜਜ਼ਬ ਹੋ ਜਾਂਦੀ ਹੈ। (੪)(੨)

**ਤੱਤ:** ਭਗਤ ਨਾਮਦੇਵ ਦਰਸਾਉਂਦੇ ਹਨ ਕਿ ਈੜਾ ਅਤੇ ਪਿੰਗਲਾ ਸਾਡੇ ਅੰਦਰ ਦਵੈਤ ਦੇ ਆਪਸੀ ਮੇਲ-ਜੋਲ ਨੂੰ ਦਰਸਾਉਂਦੀਆਂ ਹਨ, ਜੋ ਸਾਡੇ ਜੀਵਨ ਨੂੰ ਆਕਾਰ ਦੇਣ ਵਾਲੀ ਨਰ ਅਤੇ ਮਾਦਾ ਊਰਜਾ ਨੂੰ ਮੂਰਤੀਮਾਨ ਕਰਦੀ ਹੈ। ਸੁਸ਼ੁਮਨਾ, ਸਾਡਾ ਕੇਂਦਰੀ ਧੁਰਾ ਹੈ, ਜੋ ਸਾਨੂੰ ਇਸ ਵਿਰੋਧਾਭਾਸ ਨੂੰ ਪਾਰ ਕਰਨ ਅਤੇ ਅੰਤਰੀਵੀ ਸਦਭਾਵਨਾ ਦੀ ਭਾਲ ਕਰਨ ਲਈ ਉਤਸ਼ਾਹਿਤ ਕਰਦੀ ਹੈ। ਸਾਹ ਪ੍ਰਣਾਲੀ ਦੀ ਜਾਗਰੂਕਤਾ ਰਾਹੀਂ, ਅਸੀਂ ਇਹਨਾਂ ਸ਼ਕਤੀਆਂ ਨੂੰ ਸੰਤੁਲਿਤ ਕਰ ਸਕਦੇ ਹਾਂ, ਜੋ ਸਾਡੀਆਂ ਇੰਦਰੀਆਂ ਨੂੰ ਸਾਡੀ ਅਗਵਾਈ ਰਹਿਮਤ ਨਾਲ ਕਰਨ ਦੀ ਆਗਿਆ ਦਿੰਦੀ ਹੈ। ਇਹ ਯਾਤਰਾ 'ਚੰਗੇ' ਜਾਂ 'ਮਾੜੇ' ਦਾ ਮਾਰਕੇ ਲਗਾਉਣ ਦੀ ਦੌੜ ਨਹੀਂ ਹੈ, ਸਗੋਂ ਨਿਮਰਤਾ ਅਤੇ ਪ੍ਰਮਾਣਿਕਤਾ ਦੇ ਧਾਰਨੀ ਹੋਣ ਬਾਰੇ ਹੈ। ਆਪਣੇ ਤੱਤਸਾਰ ਨੂੰ ਸਾਧਕ ਵਜੋਂ ਅਪਣਾਉਣ ਨਾਲ ਸਾਨੂੰ ਬਾਹਰੀ ਪ੍ਰਮਾਣਿਕਤਾ ਤੋਂ ਮੁਕਤੀ ਮਿਲਦੀ ਹੈ ਜਿਸ ਨਾਲ ਅਸੀਂ ਅੰਤਰੀਵੀ ਇਕਸੁਰਤਾ ਅਤੇ ਸ਼ਾਂਤੀ ਦੇ ਜੀਵਨ ਦੀ ਦਾਤ ਪ੍ਰਾਪਤ ਕਰਦੇ ਹਾਂ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ:** [OnenessInDiversity.com](OnenessInDiversity.com)

**ਈਮੇਲ: onenessindiversityfoundation@gmail.com**